# ਕੋਵਿਡ-19 ਨਾਲ ਹੋਈ ਮੌਤ 'ਤੇ ਈ.ਐਸ.ਆਈ.ਸੀ. ਲਾਭਪਾਤਰੀ ਦੇ ਪਰਿਵਾਰ ਨੂੰ ਦੇਵੇਗੀ ਵਿਸ਼ੇਸ਼ ਰਾਹਤ

ਜਲੰਧਰ, 22 ਜੂਨ (ਐੱਮ. ਐੱਸ. ਲੋਹੀਆ) - ਇੰਪਲਾਈਜ਼ ਸਟੇਟ ਇੰਸ਼ੋਰੈਂਸ ਕਾਰਪੋਰੇਸ਼ਨ (ਈ.ਐਸ.ਆਈ.ਸੀ.) ਨੇ ਆਪਣੇ ਲਾਭਪਾਤਰੀਆਂ ਦੇ ਪਰਿਵਾਰਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦੇ ਹੋਏ, ਕੋਵਿਡ-19 ਰਾਹਤ ਸਕੀਮ ਨੂੰ ਮਨਜ਼ੂਰੀ ਦਿੱਤੀ ਹੈ। ਇਸ ਤਹਿਤ ਈ.ਐਸ.ਆਈ. ਦੇ ਦਾਇਰੇ 'ਚ ਆਉਣ ਵਾਲੇ ਲਾਭਪਾਤਰੀ ਦੀ ਕੋਰੋਨਾ ਕਾਰਨ ਹੋਈ ਮੌਤ 'ਤੇ ਉਸ 'ਤੇ ਨਿਰਭਰ ਪਰਿਵਾਰਕ ਮੈਂਬਰਾਂ ਨੂੰ ਆਰਥਿਕ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਇਹ ਘੱਟੋ-ਘੱਟ 1800 ਰੁਪਏ ਪ੍ਰਤੀ ਮਹੀਨਾ ਦੀ ਪੈਨਸ਼ਨ ਦੇ ਤੌਰ 'ਤੇ ਪਰਿਵਾਰਕ ਮੈਂਬਰ ਦੇ ਬੈਂਕ ਖਾਤੇ 'ਚ ਭੇਜੀ ਜਾਵੇਗੀ। ਇਹ ਸਕੀਮ 24 ਮਾਰਚ 2020 ਤੋਂ ਲਾਗੂ ਕੀਤੀ ਗਈ ਹੈ। ਇਸ ਸਕੀਮ ਦਾ ਲਾਭ ਲੈਣ ਵਾਲਿਆਂ ਲਈ ਕੁਝ ਵਿਸ਼ੇਸ਼ ਨਿਯਮ ਅਤੇ ਸ਼ਰਤਾਂ ਵੀ ਰੱਖੀਆਂ ਗਈਆਂ ਹਨ।

ਅਜੀਤ ®©
23-Jun-2021
Page: 7
http://epaper.ajitjalandhar.com/edition/20210623/1/7.cms